Journal of Advances and Scholarly Researches in Allied Education
Vol. 16, Issue No. 6, May-2019, ISSN 2230-7540

# Khawaja Gulam Farid and Philosophy of Sufism

**Maninder Singh[1]* Dr. Sarabjit Singh[2]**

[1] Research Scholar, I.K.G. Punjab Technical University, Kapurthala

[2] Assistant Professor, I.K.G. Punjab Technical University, Kapurthala

***ਅਬਸਟਰਓਚਟ – ਖ਼੍ਵਾਜਾ ਗ਼ੁਲਾਮ ਫ਼ਰੀਦ ਦੇ ਸੂਫ਼ੀ ਕਾਵਿ ਅੰਦਰ ਇਰਾਨ'ਚ ਵਿਕਸਿਤ ਹੋਏ ਇਲਮੇ-ਤਸੱਵੁਫ਼ ਦੇ ਝਲਕਾਰੇ ਸਾਫ ਦੇਖੇ ਜਾ ਸਕਦੇ ਹਨ, ਜੋ ਸ਼ੀਆ ਇਸਲਾਮ ਦੀ ਸ਼ਰੀਅਤ ਅਤੇ ਤਰੀਕਤ ਤੋਂ ਸਿੱਧੇ ਰੂਪ ਵਿੱਚ ਪ੍ਰਭਾਵਿਤ ਰਿਹਾ ਹੈ। ਹੱਥਲੇ ਪਰਚੇ ਵਿੱਚ ਅਸੀਂ ਤਸੱਵੁਫ਼ ਖ਼ਾਸ ਸਿੱਧਾਂਤ ਨੂਰੇ-ਮੁਹੰਮਦ ਨੂੰ ਆਧਾਰ ਬਣਾ ਕੇ ਖ਼੍ਵਾਜਾ ਸਾਹਿਬ ਦੇ ਕਾਵਿ ਵਿੱਚਲੇ ਤਸੱਵੁਫ਼ ਦੇ ਇਲਮ ਨੂੰ ਦ੍ਰਿਸ਼ਟੀਗੋਚਰ ਕਰਨ ਜਾ ਰਹੇ ਹਾਂ। ਸ਼ੀਆ ਸਮੁਦਾਇ ਵਿੱਚ ਵਿਸ਼ਵਾਸ ਸੀ ਕਿ ਸੰਸਾਰ ਦੀ ਸਿਰਜਣਾ ਤੋਂ ਪਹਿਲਾਂ ਇੱਕ ਅਲੌਕਿਕ ਨੂਰ ਮੌਜੂਦ ਸੀ, ਜਿਸਨੂੰ ਖ਼ੁਦਾ ਨੇ ਆਪਣੇ ਨੂਰ ਤੋਂ ਪੈਦਾ ਕੀਤਾ, ਇਹੀ ਨੂਰੇ-ਮੁਹੰਮਦੀ ਸੀ। ਇਹ ਨੂਰ ਦੂਜੇ ਪੈਗੰਬਰਾਂ ਤੋਂ ਚਲਦਾ ਹੋਇਆ ਹਜ਼ਰਤ ਮੁਹੰਮਦ ਤੋਂ ਬਾਅਦ ਸ਼ੀਆ ਇਮਾਮਾਂ ਵਿੱਚ ਪਰਿਵਿਸ਼ਟ ਹੋਇਆ। ਇਹ ਨੂਰ ਪੈਗੰਬਰਾਂ ਅਤੇ ਇਮਾਮਾਂ ਨੂੰ ਪਾਪਾਂ ਤੋਂ ਬਚਾਉਂਦਾ, "ਮਾਸੂਮ" ਬਣਾਉਂਦਾ ਅਤੇ ਅਲੌਕਿਕ ਰਹੱਸਾਂ ਦਾ ਗਿਆਨ ਪ੍ਰਦਾਨ ਕਰਦਾ ਹੈ। ਜੋ ਇਨਸਾਨ ਰੱਬੀ ਗਿਆਨ ਹਾਸਿਲ ਕਰਨਾ ਚਾਹੁੰਦਾ ਹੈ, ਉਹ ਪੈਗੰਬਰ ਦੀ ਪੈਰੋਕਾਰੀ ਅਖ਼ਤਿਆਰ ਕਰੇ ਅਤੇ ਇਮਾਮਾਂ ਦੇ ਜ਼ਰੀਏ ਇਲਾਹੀ ਨੂਰ ਨਾਲ ਜੁੜੇ।1 ਇਸ ਨੂਰ ਨੂੰ ਹਕੀਕਤੇ-ਮੁਹੰਮਦੀ ਵੀ ਕਿਹਾ ਜਾਂਦਾ ਹੈ। ਸੂਫ਼ੀਆਂ ਵਿੱਚ ਸਿਲਸਿਲਆਂ ਦੀ ਰਿਵਾਇਤ ਇਸੇ ਸਿੱਧਾਂਤ ਉੱਪਰ ਆਧਾਰਿਤ ਹੈ।***

---------------------------------x---------------------------------

ਸੂਫ਼ੀ ਆਪਣੇ ਸਮੇਂ ਦੇ ਕਿਸੇ ਵਲੀ ਦੇ ਹੱਥ ਉੱਪਰ ਬੈਅਤ ਕਰਦਾ ਹੈ ਜਿਸ ਦਾ ਸੰਬੰਧ ਆਪਣੇ ਅਧਿਆਤਮਿਕ ਪੂਰਵਜਾਂ ਜ਼ਰੀਏ ਹੁੰਦਾ ਹੋਇਆ ਮੁਹੰਮਦ ਸਾਹਿਬ ਨਾਲ ਜੁੜਦਾ ਹੈ। ਇਸ ਤਰ੍ਹਾਂ ਸਿਲਸਿਲੇ ਦੀ ਇੱਕ ਲੜੀ ਬਣ ਜਾਂਦੀ ਹੈ, ਨਕਸ਼ਬੰਦੀ ਸਿਲਸਿਲੇ ਤੋਂ ਇਲਾਵਾ ਬਾਕੀ ਸਿਲਸਿਲੇ ਹਜ਼ਰਤ ਅਲੀ ਦੁਆਰਾ ਮੁਹੰਮਦ ਸਾਹਿਬ ਨਾਲ ਰਿਸ਼ਤਾ ਸਥਾਪਿਤ ਕਰਦੇ ਹਨ। ਨਕਸ਼ਬੰਦੀ ਸਿਲਸਿਲੇ ਦੇ ਸੂਫ਼ੀ ਹਜ਼ਰਤ ਮੁਹੰਮਦ ਤੋਂ ਬਾਅਦ ਹਜ਼ਰਤ ਅਬੂ ਬੱਕਰ ਨੂੰ ਆਪਣਾ ਆਗੂ ਮੰਨਦੇ ਤਾਂ ਹਨ ਪਰ ਨਾਲ ਹੀ ਸਿਲਸਿਲੇ ਦੇ ਪੰਜਵੇ ਖ਼ਲੀਫ਼ਾ ਇਮਾਮ ਜ਼ਾਫ਼ਰ ਅਲ-ਸਦੀਕ ਜ਼ਰੀਏ ਅਹਲੇ-ਬੈਅਤ ਨਾਲ ਰੂਹਾਨੀ ਤਾਅਲੁਕ ਕਾਇਮ ਕਰਦੇ ਹਨ, ਜਿਹਨਾ ਦਾ ਅੱਗੋਂ ਸੰਬੰਧ ਹਜ਼ਰਤ ਅਲੀ ਨਾਲ ਹੈ। ਇਸ ਤਰ੍ਹਾਂ ਸੂਫ਼ੀਆਂ ਦੇ ਸਾਰੇ ਸਿਲਸਿਲੇ ਸ਼ੀਆ ਸਮੁਦਾਇ ਦੇ ਸਿੱਧਾਂਤਾਂ ਤੋਂ ਪ੍ਰਭਾਵਿਤ ਹੁੰਦੇ ਰਹੇ ਹਨ। ਸੂਫ਼ੀਆਂ ਵਿੱਚ ਤੌਹੀਦ ਦੀ ਵਿਆਖਿਆ ਨੂਰੇ-ਮੁਹੰਮਦੀ ਤੋਂ ਸਿੱਧੀ ਪ੍ਰਭਾਵਿਤ ਹੁੰਦੀ ਰਹੀ ਹੈ, ਜ਼ਿਆਦਾਤਰ ਸੂਫ਼ੀ ਇਸ ਸਿੱਧਾਂਤ ਨੂੰ ਮਾਨਤਾ ਦਿੰਦੇ ਆਏ ਹਨ। ਤੌਹੀਦੇ-ਵਜੂਦੀ ਜਿਸ ਨੂੰ ਵਹਦਤ-ਅਲ-ਵਜੂਦ ਕਿਹਾ ਜਾਂਦਾ ਹੈ, ਉਸ ਦੇ ਆਧਾਰ ਵਿੱਚ ਵੀ ਨੂਰੇ-ਮੁਹੰਮਦੀ ਨੂੰ ਦੇਖਿਆ ਜਾ ਸਕਦਾ ਹੈ। ਇੱਕ ਪਾਸੇ ਇਹ ਨੂਰ ਇਮਾਮਾਂ ਅਤੇ ਵਲੀਆਂ ਵਿੱਚ ਜਾਗਰਿਤ ਰੂਪ'ਚ ਹੁੰਦਾ ਹੈ, ਤਾਂ ਦੂਜੇ ਪਾਸੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਅੱਲਾਹ ਨੇ ਸੰਸਾਰ ਦੀ ਸਿਰਜਣਾ ਮੁਹੰਮਦ ਦੇ ਨੂਰ ਦੇ ਇਸ਼ਕ ਵਿੱਚ ਕੀਤੀ ਹੈ, ਇਸ ਲਈ ਸ੍ਰਿਸ਼ਟੀ ਦੀ ਹਰ ਰਚਨਾ ਵਿੱਚ ਇਸ ਦਾ ਜਲਵਾ ਮੌਜੂਦ ਹੈ।

ਮਨਸੂਰ ਆਪਣੀ ਕਿਤਾਬ ਤਵਾਸੀਨ ਵਿੱਚ ਨੂਰੇ-ਮਹੰਮਦੀ ਦੀ ਵਿਆਖਿਆ ਪ੍ਰਸਤੁੱਤ ਕਰਦਾ ਹੈ। ਉਸ ਦਾ ਵੱਡਾ ਯੋਗਦਾਨ ਇਹ ਹੈ ਕਿ ਉਹ ਇਸ ਸਿੱਧਾਂਤ ਨੂੰ ਸਿਰਫ ਸ਼ੀਆ ਸਮੁਦਾਇ ਤੱਕ ਸੀਮਿਤ ਨਹੀਂ ਰਹਿਣ ਦਿੰਦਾ ਅਤੇ ਇਸ ਨੂੰ ਪੂਰੀ ਇਸਲਾਮਿਕ ਫ਼ਲਸਿਫ਼ਾਨਾ ਅਤੇ ਅਧਿਆਤਮਿਕ ਰਿਵਾਇਤ ਦਾ ਹਿੱਸਾ ਬਣਾ ਦਿੰਦਾ ਹੈ। ਮਨਸੂਰ ਹਜ਼ਰਤ ਮੁਹੰਮਦ ਸਾਹਿਬ ਨੂੰ ਦੋ ਸਰੂਪਾਂ ਵਿਚ ਦੇਖਦਾ ਹੈ। ਉਹਨਾ ਦਾ ਇਕ ਸਰੂਪ ਇਸਲਾਮ ਦੇ ਬਾਨੀ, ਇੱਕ ਇਤਿਹਾਸਕ ਪੈਗ਼ੰਬਰ ਵਾਲਾ ਹੈ ਅਤੇ ਦੂਸਰਾ ਧਰਤੀ'ਤੇ ਉੱਤਰੇ ਅੱਲਾਹ ਦੀ ਪ੍ਰਥਮ ਸਿਰਜਣਾ 'ਨੂਰ' ਵਾਲਾ ਹੈ। ਮਨਸੂਰ ਕਹਿੰਦਾ ਹੈ ਕਿ ਹਜ਼ਰਤ ਦਾ ਨੂਰ ਸਿੱਧਾ ਅੱਲਾਹ ਤੋਂ ਨੂਰਮਾਨ ਹੈ ਅਤੇ ਦੁਨਿਆ ਵਿੱਚ ਜਿੰਨੇ ਵੀ ਪੈਗ਼ੰਬਰ ਆਏ ਸਭ ਨੇ ਆਪ ਤੋਂ ਨੂਰ ਪ੍ਰਾਪਤ ਕੀਤਾ। ਇਸ ਨਾਲ ਸੰਬੰਧਿਤ ਅਧਿਆਇ ਦਾ ਨਾਮ 'ਤਾਸੀਨ ਅਲ-ਸਿਰਾਜ' ਹੈ। ਕੁਰਾਨ ਵਿੱਚ ਮੁਹੰਮਦ ਸਾਹਿਬ ਨੂੰ 'ਸਿਰਾਜ ਮੁਨੀਰਾ'2 ਕਿਹਾ ਗਿਆ ਹੈ। ਸਿਰਾਜ ਦੇ ਮਾਇਨੇ ਚਿਰਾਗ਼ ਤੋਂ ਹਨ, ਜੋ ਨੂਰ ਵੱਲ ਇਸ਼ਾਰਾ ਕਰਦੇ ਹਨ। ਮਨਸੂਰ ਕਹਿੰਦਾ ਹੈ ਕਿ ਹਜ਼ਰਤ ਮੁਹੰਮਦ ਦਾ ਨਾਮ 'ਲੋਹ ਕਲਮ' ਤੋਂ ਪਹਿਲਾਂ ਦੀ ਸਿਰਜਣਾ ਹੈ, ਆਪਦਾ ਪਵਿੱਤਰ ਅਸਤਿੱਤਵ ਆਦਿ ਅੰਤ ਤੋਂ ਪੂਰਵ ਅਨਅਸਤਿੱਤਵ ਤੋਂ ਪਹਿਲਾਂ ਦਾ ਹੈ। ਉਹ ਹਜ਼ਰਤ ਮੁਹੰਮਦ ਨੂੰ ਅਲੌਕਿਕ ਪ੍ਰਕਾਸ਼ ਤੋਂ ਪ੍ਰਕਾਸ਼ਿਤ ਦੀਪਕ ਕਹਿੰਦਾ ਹੈ, ਜੋ ਬਾਰ ਬਾਰ ਪ੍ਰਗਟ ਹੋਇਆ। ਉਹ ਐਸਾ ਦੀਪਕ ਬਣਿਆ ਜੋ ਸੱਭ ਦੀਪਕਾਂ ਤੋਂ ਬੁਲੰਦ ਹੋ ਗਿਆ।3 ਮਨਸੂਰ ਤੋਂ ਬਾਅਦ ਸ਼ੇਖ ਅਲ-ਇਸ਼ਰਾਕ ਸ਼ਹਾਬੁਦੀਨ ਸੁਹਰਾਵਰਦੀ ਨੂਰ ਉਪਰ ਆਧਾਰਿਤ ਇਸ਼ਰਾਕੀ ਫ਼ਲਸਫ਼ੇ ਦਾ ਢਾਂਚਾ ਤਿਆਰ ਕਰਦੇ ਹਨ। ਇਸੇ ਤਰ੍ਹਾਂ ਇਬਨ ਅਲ-ਅਰਬੀ ਵੀ ਨੂਰੇ-ਮੁਹੰਮਦੀ ਨੂੰ ਵਿਆਖਿਉਂਦੇ ਹਨ।

ਪੰਜਾਬੀ ਸੂਫ਼ੀ ਕਵਿਤਾ ਵਿੱਚ ਖ਼੍ਵਾਜਾ ਗ਼ੁਲਾਮ ਫ਼ਰੀਦ ਆਪਣੇ ਕਲਾਮ ਵਿੱਚ ਸੂਫ਼ੀ ਸਿੱਧਾਂਤਾਂ ਦੀ ਸਪੱਸ਼ਟ ਵਿਆਖਿਆ ਕਰਦੇ ਹਨ। ਉਹ ਕਹਿੰਦੇ ਹਨ ਕਿ ਅਜ਼ਲੀ ਹੁਸਨ ਨੇ ਆਪਣਾ ਪ੍ਰਥਮ ਇਜ਼ਹਾਰ ਕੀਤਾ ਤਾਂ ਉਹ ਅਹਿਦ ਤੋਂ ਅਹਿਮਦ ਹੋ ਗਿਆ। ਅਹਿਮਦ ਮੁਹੰਮਦ ਸਾਹਿਬ ਨੂੰ ਕਿਹਾ ਗਿਆ ਹੈ ਪਰ ਇੱਥੇ ਉਹਨਾ ਦੇ ਨੂਰਾਨੀ ਸਰੂਪ ਵੱਲ ਇਸ਼ਾਰਾ ਹੈ। ਉਸ ਵੇਲੇ ਨਾ ਤਾਲਬ ਸੀ ਨਾ ਮਤਲੂਬ ਅਤੇ ਨਾ ਸ਼ਾਹਦ ਮਸ਼ਹੂਦ, ਇਹ ਅੱਲਾਹ ਅਤੇ ਉਸਦੇ ਨੂਰ ਦੇ ਇੱਕਤਵ ਦੀ ਅਵਸਥਾ ਸੀ ਉਸ ਤੋਂ ਬਾਹਰ ਕੁਝ ਨਹੀਂ ਸੀ। ਉਹ ਨੂਰ ਗ਼ੈਬ ਅਲ-ਗ਼ੈਬ ਦੇ ਦੇਸੋਂ ਇਸਲਾਮ ਦੇ ਪੈਗ਼ੰਬਰ ਮੁਹੰਮਦ ਸਾਹਿਬ ਦੇ ਰੂਪ'ਚ ਧਰਤੀ ਤੇ ਅੱਲਾਹ ਦੇ ਘਰ ਦਾ ਰਾਹ ਦਿਖਾਉਣ ਆਇਆ ਤਾਂ ਉਸ ਨੇ ਅਹਿਦੀਯਤ ਦਾ ਘੁੰਡ ਉਤਾਰਾ ਕੀਤਾ ਭਾਵ ਅਹਿਦੀਯਤ ਦੇ ਭੇਦ ਖੋਲੇ। ਇਹ ਅਵਸਥਾ ਹੈ ਜਿੱਥੇ ਅੱਲਾਹ ਤੋਂ ਸਿਵਾਏ ਦੂਜਾ ਮੌਜੂਦ ਨਹੀਂ, ਹਰ ਖੋਜੀ ਦੀ ਇਹ ਆਖ਼ਰੀ ਮੰਜਿਲ ਹੈ। ਉੱਥੇ ਹੱਕ ਬਾਤਲ ਦਾ ਭੇਦ ਖਤਮ ਹੋ ਜਾਂਦਾ ਹੈ, ਸਿਰਫ਼ ਹੱਕ ਬਾਕੀ ਰਹਿੰਦਾ ਹੈ। ਅੱਗੇ ਗ਼ੁਲਾਮ ਫ਼ਰੀਦ ਕਹਿੰਦਾ ਹੈ ਕਿ ਹੁਣ ਸਿਰਫ਼ ਪੈਰਵੀ ਨਹੀਂ ਬਲਕਿ ਖੋਜ ਦਾ ਸਮਾਂ ਹੈ। ਅਜ਼ਲੀ ਹੁਸਨ ਦੇ ਨੂਰ ਨੇ ਪਸਾਰਾ ਕੀਤਾ ਅਤੇ ਸਾਡੇ ਮੁਰਸ਼ਦ ਤੱਕ ਪਹੁੰਚਿਆ। ਪੂਰੇ ਗੁਰੂ ਉੱਪਰ ਵਿਸ਼ਵਾਸ ਕਰਕੇ ਦਿਲ ਨੂੰ ਤਸਕੀਨ ਮਿਲ ਗਈ ਹੈ ਅਤੇ ਸਭ ਸ਼ੱਕ-ਸ਼ੁਭੇ ਮਿਟ ਗਏ ਹਨ।4

ਖ਼੍ਵਾਜਾ ਗ਼ੁਲਾਮ ਫ਼ਰੀਦ ਕਹਿੰਦੇ ਹਨ ਕਿ ਨੂਰੇ-ਮੁਹੰਮਦੀ ਕੁਦਰਤ ਦੀ ਹਰ ਸ਼ੈਅ ਵਿੱਚ ਮੌਜੂਦ ਨਜ਼ਰ ਆ ਰਿਹਾ ਹੈ ਪਰ ਉਸ ਨੂੰ ਹਰ ਕੋਈ ਦੇਖ

www.ignited.in

ਨਹੀਂ ਸਕਦਾ। ਇਹ ਵੀ ਨਹੀਂ ਕਿ ਉਹ ਸਿਰਫ਼ "ਸੁਬਹਾਨੀ ਮਾ ਆਜਮ ਸ਼ਾਨੀ" ਅਤੇ "ਅਨ-ਅਲ-ਹੱਕ" ਕਹਿਣ ਵਾਲੇ ਬਾਯਦੀਦ ਬਿਸਤਾਮੀ ਅਤੇ ਮਨਸੂਰ ਅਲ-ਹੱਲਾਜ ਦੇ ਜ਼ਿਕਰ ਵਿੱਚ ਆਉਂਦਾ ਹੈ, ਮੇਰੇ ਵਰਗੇ ਰਿੰਦੀ ਦਾ ਵਿਰਦ ਵੀ ਇਹੋ ਹੈ। ਉਸ ਦੇ ਅਜਿਹੇ ਵਿਰਦਾਂ ਦਾ ਕਸ਼ਫ਼ (ਰੂਹਾਨੀ ਭੇਦ) ਹਰ ਦਿਲ ਉੱਪਰ ਖੋਲਿਆ ਨਹੀਂ ਜਾ ਸਕਦਾ, ਪਰ ਹੇ ਸਾਲਿਕ! ਇੰਨਾ ਜਾਣ ਲੈ ਕਿ ਸਭ ਸੂਰਤਾਂ ਵਿੱਚ ਅੱਲਾਹ ਦਾ ਨੂਰ ਛੁਪਿਆ ਹੋਇਆ ਹੈ, ਕਿਸੇ ਨੂੰ ਉਸ ਤੋਂ ਵੱਖ ਨਾ ਸਮਝੀਂ। ਅੱਵਲ ਆਖ਼ਰ ਜ਼ਾਹਰ ਬਾਤਿਨ ਉਸਦੀ ਕੁਦਰਤ ਪ੍ਰਕਾਸ਼ਮਾਨ ਹੈ। ਕਿਤੇ ਉਹ ਮਨਸੂਰ, ਬਾਯਦੀਦ, ਸਰਮਦ ਅਤੇ ਕਿਤੇ ਪੀਰ ਸਨਾਨ ਬਣ ਪ੍ਰਗਟ ਹੁੰਦਾ ਹੈ। ਧਿਆਨ ਦੇਣ ਵਾਲੀ ਗੱਲ ਹੈ ਕਿ ਖ਼੍ਵਾਜਾ ਗ਼ੁਲਾਮ ਫ਼ਰੀਦ ਇੱਥੇ ਈਸ਼ਵਰ ਦੇ ਅਵਤਾਰਾਂ ਦੇ ਰੂਪ'ਚ ਇਹਨਾ ਹਸਤੀਆਂ ਨੂੰ ਮਾਨਤਾ ਨਹੀਂ ਦੇ ਰਹੇ ਬਲਕਿ ਨੂਰੇ-ਮੁਹੰਮਦੀ ਨਾਲ ਇਹਨਾ ਦੇ ਸੰਬੰਧ ਨੂੰ ਜ਼ਾਹਿਰ ਕਰ ਰਹੇ ਹਨ। ਇਹਨਾ ਹਸਤੀਆਂ ਦਾ ਦਾਅਵਾ ਵੀ ਖ਼ੁਦ ਨੂੰ ਈਸ਼ਵਰ ਸਥਾਪਿਤ ਕਰਨ ਦਾ ਨਹੀਂ ਸੀ, ਉਹ ਨੂਰ ਹੀ ਇਹਨਾ ਦੇ ਅੰਦਰੋਂ ਵਾਰਤਾਲਾਪ ਕਰ ਰਿਹਾ ਸੀ। ਅਲ-ਤਵਾਸੀਨ ਵਿੱਚ ਮਨਸੂਰ ਇਸ ਉਪਰ ਖੁੱਲਕੇ ਬਹਿਸ ਰਚਾਉਂਦਾ ਹੈ। ਖ਼੍ਵਾਜਾ ਸਾਹਿਬ ਕਹਿੰਦੇ ਹਨ ਕਿ ਹੁਸਨ ਪ੍ਰਸਤੀ, ਸ਼ਾਹਦ ਮਸਤੀ ਸਾਡਾ ਦੀਨ ਅਤੇ ਇਮਾਨ ਹੈ, ਧਰਤੀ ਉਪਰ ਆਪ ਲਈ ਇਲਾਹੀ ਹੁਸਨ ਦੇ ਨੂਰ ਦਾ ਜਲਵਾ ਮੁਰਸ਼ਦ ਦੇ ਰੂਪ ਵਿੱਚ ਜ਼ਾਹਿਰ ਹੈ, ਜਿਸਦਾ ਹਰ ਹੁਕਮ ਮੁਰੀਦ ਲਈ ਦੀਨ ਹੈ। ਅਗਾਂਹ ਆਪਦਾ ਕਹਿਣਾ ਹੈ, "ਰਾਹ ਤੌਹੀਦੀ ਰੀਤ ਫ਼ਰੀਦੀ। ਅਪਨੇ ਆਪ ਦਾ ਧਿਆਨੇ॥"5 ਇੱਥੇ ਵਜੂਦੀ ਤੌਹੀਦ ਵਿੱਚ ਆਪਣਾ ਵਿਸ਼ਵਾਸ ਜ਼ਾਹਿਰ ਕਰ ਰਹੇ ਹਨ, ਜੇਕਰ ਹਰ ਵਸਤੂ ਵਿੱਚ ਉਸ ਦਾ ਨੂਰ ਮੌਜੂਦ ਹੈ ਤਾਂ ਆਪਣੇ ਆਪ ਵਿੱਚ ਵੀ ਉਹੀ ਦਮ ਭਰ ਰਿਹਾ ਹੈ। ਇਸ ਤਰ੍ਹਾਂ ਆਪਣੇ ਆਪ ਦਾ ਧਿਆਨ ਕਰਨਾ ਉਸੇ ਦਾ ਧਿਆਨ ਕਰਨਾ ਬਣ ਜਾਂਦਾ ਹੈ।ਖ਼੍ਵਾਜਾ ਸਾਹਿਬ ਕਹਿੰਦੇ ਹਨ:

ਹਰ ਚਾਲੋਂ ਨਾਜ਼ ਨਵਾਜ਼ ਡਿੱਸੇ। ਹਿੱਕੋ ਨੂਰ ਨਜ਼ਰ ਅਜ਼ਲ ਦਾ ਰਾਜ਼ ਡਿੱਸੇ॥

ਕੁਲ ਆਲਮ ਆਲਮ ਸਾਜ਼ ਡਿੱਸੇ। ਹਿੱਕੋ ਨੂਰ ਨਜ਼ਰ ਵਿੱਚ ਆਵਿਮੜੀ॥

ਗੈਰੀਅਤ ਮਹਜ਼ ਮੁਹਾਲ ਡਿੱਸੇ। ਚੌ ਤਰਫ਼ੋ ਹੁਸਨ ਜਮਾਲ ਡਿੱਸੇ॥

ਹਰ ਵੇਲੇ ਵਸਲ ਵਸਾਲ ਡਿੱਸੇ। ਡੇਂਹ ਰਾਤ ਪੁੱਨਲ ਗੱਲ ਲਾਵਿਮੜੀ॥6

ਐ ਹੁਸਨ ਹਕੀਕੀ ਨੂਰ ਅਜ਼ਲ। ਤੈਨੂੰ ਵਾਜਬ ਤੇ ਅਮਕਾਨ ਕਹੂੰ॥

ਤੈਨੂੰ ਖਾਲਕ ਜ਼ਾਤ ਕਦੀਮ ਕਹੂੰ। ਤੈਨੂੰ ਹਾਦਸ ਖ਼ਲਕ ਜਹਾਨ ਕਹੂੰ॥7

ਕਦੀਮ ਅਤੇ ਹਾਦਿਸ ਦੇ ਫਰਕ ਨੂੰ ਇਸਲਾਮ ਵਿੱਚ ਵੱਡੀ ਤਰਜ਼ੀਹ ਦਿੱਤੀ ਗਈ ਹੈ, ਇਸ ਨਾਲ ਸੰਬੰਧਿਤ ਵਿਦਵਾਨਾਂ ਵਿੱਚ ਲੰਬੀ ਬਹਿਸ ਹੁੰਦੀ ਰਹੀ ਹੈ। ਅੱਲਾਹ ਦੀ ਜ਼ਾਤ ਨੂੰ ਕਦੀਮ ਕਿਹਾ ਗਿਆ ਹੈ, ਜਿਸ ਦਾ ਅਰਥ ਹੈ ਕਿ ਜੋ ਤਮਾਮ ਮੌਜੂਦ ਕਾਇਨਾਤ ਤੋਂ ਪਹਿਲਾਂ ਹਮੇਸ਼ਾਂ ਤੋਂ ਸੀ, ਹੁਣ ਵੀ ਹੈ ਅਤੇ ਹਮੇਸ਼ਾਂ ਰਹੇਗਾ, ਭਾਵੇਂ ਬਾਕੀ ਕੁਝ ਰਹੇ ਨਾ ਰਹੇ। ਹਾਦਿਸ ਤੋਂ ਅਰਥ ਹੈ ਜੋ ਪਹਿਲਾਂ ਨਹੀ ਸੀ, ਕਦੀਮ ਦੇ ਹੁਕਮ ਨਾਲ ਹੋਂਦ ਵਿੱਚ ਆਇਆ। ਅਲ ਜੁਨੈਦ ਬਗ਼ਦਾਦੀ ਦਾ ਕਥਨ ਹੈ,"ਤੌਹੀਦ ਇਹ ਹੈ ਕਿ ਕਦੀਮ ਨੂੰ ਹਾਦਿਸ ਤੋਂ ਜੁਦਾ ਜਾਣੇ।" ਅਲੀ ਹੁਜਵੇਰੀ ਅਲ-ਜੁਨੈਦ ਦੇ ਕਥਨ ਦੀ ਵਿਆਖਿਆ ਵਿੱਚ ਕਹਿੰਦੇ ਹਨ,"ਮੋਮਿਨ ਕਦੀਮ ਨੂੰ ਹਾਦਿਸ ਦੇ ਮਹਲ ਅਤੇ ਹਾਦਿਸ ਨੂੰ ਕਦੀਮ ਦੇ ਮਹਲ ਵਿੱਚ ਨਾ ਸਮਝੇ ਅਤੇ ਜਾਣੇ ਕਿ ਹੱਕ ਤਾਅਲਾ ਕਦੀਮ ਹੈ ਅਤੇ ਖ਼ੁਦ ਮੁਹੱਦਿਸ ਅਤੇ ਜੋ ਤੁਹਾਡੀ ਜਿਨਸ ਤੋਂ ਮਖ਼ਲੂਕ ਹੈ ਉਹ ਵੀ ਹਾਦਿਸ ਹੈ ਅਤੇ ਕੋਈ ਮਖ਼ਲੂਕ ਉਸ ਨਾਲ ਮੁਲਹਿਕ ਨਹੀ ਅਤੇ ਨਾ ਉਸਦੀ ਸਿਫ਼ਤ ਤੁਹਾਡੇ ਜਿਹੀ ਮਖ਼ਲੂਕ ਵਿੱਚ ਸ਼ਾਮਿਲ ਹੈ ਕਿਉਂਕਿ ਕਦੀਮ ਹਾਦਿਸ ਦਾ ਹਮ ਜਿਨਸ ਨਹੀ।"8 ਜੁਨੈਦ ਅੱਲਾਹ ਅਤੇ ਆਪਣੇ ਦਰਮਿਆਨ ਕਾਇਮ ਫ਼ਰਕ ਨੂੰ ਸਮਝ ਲੈਣ ਨੂੰ ਤੌਹੀਦ ਕਹਿੰਦੇ ਹਨ। ਕਦੀਮ ਹਾਦਿਸ ਦੇ ਹੋਣ ਤੋਂ ਪਹਿਲਾਂ ਵੀ ਬੇਮੋਹਤਾਜ ਮੌਜੂਦ ਸੀ ਅਤੇ ਬਾਅਦ ਵਿੱਚ ਵੀ ਲੇਕਿਨ ਹਾਦਿਸ ਹਮੇਸ਼ਾ ਕਦੀਮ ਅੱਗੇ ਮੋਹਤਾਜ ਹੈ। ਦੋਹਾਂ ਦੀ ਜ਼ਾਤ ਵਿੱਚ ਫ਼ਰਕ ਹੈ ਜੋ ਸਿਰਜਕ ਅਤੇ ਸਿਰਜਣਾ ਵਾਲਾ ਹੈ। ਕਾਫ਼ੀ ਦੇ ਸ਼ੁਰੂ ਵਿੱਚ ਖ਼੍ਵਾਜਾ ਸਾਹਿਬ ਕਦੀਮ ਅਤੇ ਹਾਦਿਸ ਦੇ ਫ਼ਰਕ ਨੂੰ ਮਨਫ਼ੀ ਕਰ ਰਹੇ ਹਨ। ਉਹ ਮਖ਼ਲੂਕ ਦੀਆਂ ਅਲੱਗ-ਅਲੱਗ ਜਿਨਸਾਂ, ਇਲਮਾਂ, ਧਰਮਾਂ, ਧਰਮ ਗ੍ਰੰਥਾਂ, ਪੈਗ਼ੰਬਰਾਂ, ਦੇਵਤਿਆਂ ਤੇ ਉਹਨਾ ਦੇ ਅਵਤਾਰਾਂ, ਕੁਦਰਤ, ਸੁੰਦਰੀਆਂ ਦੇ ਹੁਸਨ, ਸ਼ਿੰਗਾਰ ਤੇ ਨਾਜ਼ ਨੱਖਰੇ, ਸੰਗੀਤ, ਇਸ਼ਕ, ਵਹਿਮ, ਗੁਮਾਨ ਵਿੱਚ ਅੱਲਾਹ ਦਾ ਨੂਰ ਦੇਖਕੇ ਉਹਨਾ ਨਾਲ ਸੰਬੰਧਿਤ ਨਾਵਾਂ ਦਾ ਗਾਨ ਕਰ ਰਹੇ ਹਨ। ਅੱਗੇ ਚੱਲ ਕੇ ਉਹ ਉਸਨੂੰ ਬੇਰੰਗ, ਬੇਮਿਸਾਲ ਅਤੇ ਬੇ ਸੂਰਤ ਕਹਿ ਕੇ ਉਸ ਦੇ ਸਿਫ਼ਾਤੀ ਨਾਵਾਂ ਸਬੂਹ, ਕਦੂਸ, ਰਹਿਮਾਨ ਅਤੇ ਸੁਬਹਾਨ ਦਾ ਜ਼ਿਕਰ ਕਰ ਰਹੇ ਹਨ ਪਰ ਨਾਲ ਹੀ ਆਪ ਕਹਿੰਦੇ ਹਨ:

ਕਰ ਤੋਬਾ ਤੁਰਤ ਫ਼ਰੀਦ ਸਦਾ। ਹਰ ਸ਼ੈ ਨੂੰ ਪੁਰ ਨੁਕਸਾਨ ਕਹੂੰ॥

ਐ ਪਾਕ ਅਲਖ ਬੇ ਐਬ ਕਹੂੰ। ਉਸੇ ਹੱਕ ਬੇ ਨਾਮ ਨਿਸ਼ਾਨ ਕਹੂੰ॥9

ਇਸ ਤਰ੍ਹਾਂ ਖ਼੍ਵਾਜਾ ਸਾਹਿਬ ਵੀ ਕਦੀਮ ਅਤੇ ਹਾਦਿਸ ਦੇ ਫਰਕ ਨੂੰ ਮੰਨ ਰਹੇ ਹਨ, ਚਾਹੇ ਹਰ ਵਸਤੂ ਉਸ ਤੋਂ ਪੈਦਾ ਹੋ ਰਹੀ ਹੈ ਅਤੇ ਉਸੇ ਦਾ ਨੂਰ ਜਲਵਾ ਬਿਖੇਰ ਰਿਹਾ ਹੈ, ਪਰ ਉਹ ਆਪ ਸਭ ਐਬਾਂ ਤੋਂ ਮੁਕਤ ਖ਼ਾਲਿਕ ਪਾਕ ਅਤੇ ਅਲੱਖ ਹੈ। ਉਹ ਸਾਰੀ ਮਖ਼ਲੂਕ ਨੂੰ ਪੈਦਾ ਕਰ ਕੇ ਇਸ ਵਿੱਚ ਮੌਜੂਦ ਹੋਕੇ ਵੀ ਮੌਜੂਦ ਨਹੀਂ। ਸਾਧਕ ਦਾ ਮਕਸਦ ਉਸੇ ਪ੍ਰਥਮ ਅਵਸਥਾ ਵਿੱਚ ਪਹੁੰਚਣਾ ਹੈ, ਜਿੱਥੇ ਬਸ ਉਹ ਹੱਕ ਇੱਕਲਾ ਹੈ ਜਾਂ ਉਹ ਇੱਕ ਹੋਣ ਤੋਂ ਵੀ ਪਾਕ ਹੈ। ਪਰੰਤੂ ਇਨਸਾਨ ਵਜੋਂ ਵਿਚਰਦਿਆਂ ਬਾਕੀ ਇਨਸਾਨਾਂ ਅਤੇ ਮਖ਼ਲੂਕ ਨਾਲ ਸੁਖਾਵਾਂ ਸੰਬੰਧ ਬਨਾਉਣਾ ਜ਼ਰੂਰੀ ਹੈ। ਇਸਦੇ ਲਈ ਸੂਫ਼ੀ ਵਹਿਦਤ ਅਲ-ਵਜੂਦ ਦੇ ਅੰਤਰਗਤ ਅੱਲਾਹ ਨੂੰ ਨੂਰੀ ਰੂਪ ਵਿੱਚ ਹਰ ਜਗ੍ਹਾ ਦੇਖਦਾ ਹੈ। ਇਸ ਤਰ੍ਹਾਂ ਉਸ ਦੇ ਅਨੁਭਵ ਵਿੱਚ ਇਕ ਸੰਪੂਰਣ ਇਕਾਈ ਵਿਦਮਾਨ ਹੋ ਜਾਂਦੀ ਹੈ, ਪਰ ਇਹ ਅਨੁਭਵ ਖੁਸ਼ਕ ਅਤੇ ਠੋਸ ਰੂਪ ਵਾਲਾ ਨਾ ਬਣਦਾ ਹੋਇਆ ਇਸ਼ਕ ਦੀ ਗਰਮੀ ਨਾਲ ਤਰਲਤਾ ਬਣਾਈ ਰੱਖਦਾ ਹੈ।

ਖ਼੍ਵਾਜਾ ਗ਼ੁਲਾਮ ਫ਼ਰੀਦ ਦਾ ਕਲਾਮ ਜਿਸ ਵਿੱਚ ਅਸੀਂ ਹੱਥਲੇ ਪਰਚੇ ਦੇ ਅੰਤਰਗਤ ਨੂਰੇ-ਮੁਹੰਮਦੀ ਦੇ ਸਿੱਧਾਂਤ ਉੱਪਰ ਆਧਾਰਿਤ ਆਪਦੇ ਇਲਮੇ-ਤਸੱਵੁਫ਼ ਨੂੰ ਦੇਖਣ ਦਾ ਉਪਰਾਲਾ ਕੀਤਾ ਹੈ। ਅਧਿਐਨ ਉਪਰੰਤ ਅਸੀਂ ਇਸ ਨਤੀਜੇ ਉਪਰ ਪਹੁੰਚੇ ਹਾਂ ਕਿ ਆਪਦੇ ਕਲਾਮ ਵਿੱਚ ਇਸ ਸਿੱਧਾਂਤ ਦੀ ਸਪੱਸ਼ਟ ਵਿਆਖਿਆ ਕੀਤੀ ਗਈ ਹੈ। ਇਹੀ ਸਿੱਧਾਂਤ ਆਪਦੇ ਤੌਹੀਦੀ ਦ੍ਰਿਸ਼ਟੀਕੋਣ ਨੂੰ ਨਿਰਧਾਰਿਤ ਕਰਦਾ ਹੈ। ਆਪ ਅੱਲਾਹ ਅਤੇ ਉਸਦੇ ਨੂਰ ਨੂੰ ਇੱਕ ਮੰਨਦੇ ਹੋਏ ਉਸ ਦਾ ਜਲਵਾ ਕੁਲ ਕਾਇਨਾਤ ਵਿੱਚ ਦ੍ਰਿਟੀਗੋਚਰ ਕਰਦਿਆਂ ਇਸ ਅਨੁਭਵ ਨੂੰ ਕਾਵਿਕ ਮੁਹਾਂਦਰੇ ਵਿੱਚ ਢਾਲਦੇ ਹਨ। ਉਸ ਨੂਰ ਨੂੰ ਮੁਹੰਮਦ ਸਾਹਿਬ ਦੇ ਰੂਪ ਵਿੱਚ ਪੂਰਣਤਾ ਸਹਿਤ ਧਰਤੀ ਉਪਰ ਉਤਰਿਆ ਸਵਿਕਾਰਦੇ ਹੋਏ ਅਤੇ ਉਹਨਾ ਦੀ ਬਖਸ਼ਿਸ਼ ਜ਼ਰੀਏ ਇਮਾਮਾਂ ਅਤੇ ਵਲੀਆਂ ਵਿੱਚ ਇਸ ਦੀ ਪ੍ਰਵਿਸ਼ਟੀ ਬਿਆਨਦਿਆਂ ਇਸ ਬਰਕਤ ਨਾਲ ਆਪਣੇ ਮੁਰਸ਼ਦ ਤੋਂ ਖ਼ੁਦ ਨੂੰ ਵਰੋਸਾਇਆ ਕਬੂਲਦੇ ਹਨ। ਪਰ ਇਹ ਧਰਤੀ ਉਪਰ ਜਨਮੇ ਮਨੁਖ ਲਈ ਵਸੀਲਾ ਹੈ, ਆਖ਼ਿਰ ਵਿੱਚ ਜ਼ਾਤ ਸਿਰਫ਼ ਅੱਲਾਹ ਦੀ ਹੈ। ਇਹ ਇਸ ਤਰ੍ਹਾਂ ਹੈ ਜਿਵੇਂ ਮਨਸੂਰ ਅਲ-ਹੱਲਾਜ ਨੇ "ਅਲ-ਤਵਾਸੀਨ" ਵਿੱਚ ਹਜ਼ਰਤ ਮੁਹੰਮਦ ਸਾਹਿਬ ਦੀ ਮਿਰਾਜ ਦੇ ਹਵਾਲੇ ਨਾਲ ਤੌਹੀਦ ਦੀ ਵਿਆਖਿਆ ਕੀਤੀ ਹੈ ਅਤੇ ਅਲ-ਜੂਨੈਦ ਬਗ਼ਦਾਦੀ ਨੇ ਇਸ ਨਾਲ ਸੰਬੰਧਿਤ ਮਿਸਾਕ ਦਾ ਸਿੱਧਾਂਤ ਪੇਸ਼ ਕੀਤਾ ਹੈ। ਅੱਲਾਹ ਦੇ ਨੂਰ ਤੋਂ ਪੈਦਾ ਮਖ਼ਲੂਕ ਆਖ਼ਿਰ ਨੂਰ ਹੀ ਹੋ ਜਾਂਦੀ ਹੈ, ਬਾਕੀ ਸਿਰਫ਼ ਅੱਲਾਹ ਦੀ ਜ਼ਾਤ ਰਹਿੰਦੀ ਹੈ।

## ਹਵਾਲੇ:


1. Sayyed Hossein Nasr, Shi'ism : Doctrine, Thought and Spirituality, State University of New York Press, 1998,Page 106.

2. ਅਹਿਮਦ, ਹਾਫ਼ਿਜ਼ ਨਜ਼ਰ, ਆਸਾਨ ਤਰਜ਼ੁਮਾ ਕੁਰਾਨਿ ਮਜੀਦ, ਅੰਡਰਸਟੈਂਡ ਕੁਰਾਨ ਅਕੈਡਮੀ, ਹੈਦਰਾਬਾਦ ਇੰਡੀਆ, 1987, ਪੰਨਾ 425. (ਅਲ-ਕੁਰਾਨ, ਸੂਰਤ 33 ਆਯਤ 46)


www.ignited.in

3. ਅਸਹਾਨੀ, ਅਤੀਕ ਅਲਰਹਿਮਾਨ, ਤਵਾਸੀਨ: ਅਸਲ ਅਰਬੀ ਮਤਨ ਵ ਰੁਜ਼ਬੀਹਾਨ ਬਕਲੀ ਕੀ ਫ਼ਾਰਸੀ ਸ਼ਰਹਾ ਵ ਉਰਦੂ ਤਰਜ਼ਮਾ ਵ ਤਸ਼ਰੀਹਾਤ, ਤਹਕੀਕ ਵ ਤਰਜ਼ੁਮਾ, ਤੁਸੱਵੁਫ਼ਫ਼ਾਉਨਡੇਸ਼ਨ, ਲਾਹੌਰ, 2008, ਪੰਨਾ 93.

4. ਬੇਦੀ, ਡਾ. ਕਾਲਾ ਸਿੰਘ (ਸੰਗ੍ਰਹਿ ਕਰਤਾ), ਪ੍ਰੋ. ਗੁਲਵੰਤ ਸਿੰਘ (ਮੁੱਖ ਸੰਪਾਦਕ), ਕਾਫ਼ੀਆਂ ਖ਼੍ਵਾਜਾ ਗ਼ੁਲਾਮ ਫ਼ਰੀਦ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 31-32.

5. ਉਹੀ, ਪੰਨਾ 252.

6. ਉਹੀ, ਪੰਨਾ 271.

7. ਉਹੀ, ਪੰਨਾ 93.

8. ਨਈਮੀ, ਮੁਫ਼ਤੀ ਗ਼ੁਲਾਮ ਮੋਈਨੁਦੀਨ (ਅਨੁਵਾਦ), ਕਸ਼ਫੁਲ ਮਹਿਜੂਬ, ਰਿਜਵੀ ਕਿਤਾਬ ਘਰ, ਦਿੱਲੀ, 2011,ਪੰਨਾ 380.

9. ਬੇਦੀ, ਡਾ. ਕਾਲਾ ਸਿੰਘ (ਸੰਗ੍ਰਹਿ ਕਰਤਾ), ਪ੍ਰੋ. ਗੁਲਵੰਤ ਸਿੰਘ (ਮੁੱਖ ਸੰਪਾਦਕ), ਕਾਫ਼ੀਆਂ ਖ਼੍ਵਾਜਾ ਗ਼ੁਲਾਮ ਫ਼ਰੀਦ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 95.

---

**Corresponding Author**

**Maninder Singh***

Research Scholar, I.K.G. Punjab Technical University, Kapurthala

www.ignited.in